ਬਿਨਾਂ ਆਗਜ਼ਾ ਕੋਈ ਨਾਂ ਛਾਪੇ

੧ ੴ ਸਤਿਗੁਰਪ੍ਰਸਾਦਿ॥

# ਦਸਮ ਗੁਰਬਾਣੀ

ਤੇ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਤਥਾ

## ਦਸਮ ਗੁਰੂ ਤੇ ਬਾਕੀ ਨੌ ਗੁਰੂ ਸਾਹਿਬਾਂ ਸਬੰਧੀ ਗੁਰਬਾਣੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਭੇਦਤਾ

G. 624

ਪ੍ਰਕਾਸ਼ਕ

ਕਾਰਜ ਸਾਧਕ ਦਲ ਪੰਚ ਖਾਲਸਾ ਜਥਾ

ਮਲਾਯਾ (ਸੈਂਟ੍ਰ—ਕੋਲਾ ਲੰਪਰ)

ਕਾਪੀ ੩੦੦੦ ਦਸੰਬਰ ੧੯੩੦ ਭੇਟਾ =)

## ਭੂਮਕਾ ਸਰੂਪੀ ਐਲਾਨ

ਦੇਖ ਭਾਲ ਤੋਂ ਪਤਾ ਲਗਦਾ ਹੈ ਕਿ ਬਹੁਤ ਸੇ ਭਰਾਵਾਂ ਨੂੰ ਅਜੇ ਨਿਰਸੰਸੇ ਪਤਾ ਨਹੀਂ ਜੋ **ਪੋਥੀ ਸਾਹਿਬ, ਗ੍ਰੰਥ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ** ਕੇਹੜੀਆਂ ਬੀੜਾਂ ਤਥਾ ਕੇਹੜੇ ਸਰੂਪਾਂ ਦੀ ਨਾਮ ਸੰਗਿਆ ਹੈ? ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਪਨੇ ਸਚ ਖੰਡ ਚਲਾਣੇ ਸਮੇਂ ਜੁਗੋ ਜੁਗੁ ਗੁਰਿਆਈ ਦੀ ਪਦਵੀ ਕੇਹੜੇ ਸਰੂਪ ਨੂੰ ਦੇਕੇ ਰੈਂਹਦੀ ਦੁਨੀਆਂ ਤਕ ਪੰਚ ਭੂਤਕ( ਦੇਹਧਾਰੀ) ਗੁਰੂ-ਡੰਮ੍ਹ ਦਾ ਖਾਤਮਾ ਕੀਤਾ ਸੀ। ਔਰ ਪੰਜਾਂ ਗੁਰੂ ਸਾਹਿਬਾਂ ਯਾ ਨੌਆਂ ਗੁਰੂ ਸਾਹਿਬਾਂ ਅਥਵਾ ਸੱ ਗੁਰੂ ਸਾਹਿਬਾਂ ਦੇ ਸਰੂਪ ਕੇਹੜੇ ਹਨ ? ਅਰ ਦਸਮ ਗੁਰੂ ਸਾਹਿਬ ਜੀ ਦੀ ਮੁਖ ਵਾਕ ਬਾਣੀ ਦਾ ਦਰਜਾ ਬਾਕੀ ਦੂਜੇ ਗੁਰੂਸਾਹਿਬਾਂ ਦੀ ਗੁਰਬਾਣੀ ਨਾਲ ਕਿਥੇ ਤਕ ਹੈ ? ਅਤੇ ਪੰਜਮ ਪਾਤਸ਼ਾਹੀ ਵਤ ਦਸਮ ਗੁਰੂ ਜੀ ਨੇ ਅਪਨੀ ਮੁਖਵਾਕ ਬਾਣੀ ਨੂੰ ਦੂਜੀ ਗੁਰਬਾਣੀਵਿਚ ਕਿਸਤ੍ਰਾਂ ਅਭੇਦਤਾ ਦਿਤੀ ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਣਤਾ ਦੀ ਸਾਧਨ ਬਨਾਈ ?

ਸੋ ਇਹੋ ਜੇਹੀਆਂ ਸਭਨਾਂ ਵਿਚਾਰਾਂ ਦੇ ਨਿਰਣਯ ਲਈ ਏਹ ਪੁਸਤਕ ਪ੍ਰਕਾਸ਼ਤ ਕੀਤੀ ਜਾਂਦੀ ਹੈ। ਆਸਾ ਹੈ ਜੋ ਇਸਦੇ ਸਿਧਾਂਤ ਨੂੰ ਗ੍ਰਹਣ ਕਰਕੇ ਸੇਵਾ ਸਫਲਕੀਤੀਜਾਊ।

ਪ੍ਰਾਰਥਕ-ਸੇਵਕ ਕਾਰਜਸਾਧਕਦਲ ਪੰ:ਖਾ:ਜਥਾ ਮਲਾਯਾ

30
22751 -o-

ੴ ਸਤਿ ਗੁਰ ਪ੍ਰਸਾਦਿ ॥

# ਦਸਮੇਸ਼ ਗੁਰੂ ਜੀ ਤੇ ਉਨ੍ਹਾਂ ਦੀ ਬਾਣੀ ਨਾਲ ਵਿਰੋਧਤਾ

ਦਸਮੇਸ਼ ਗੁਰੂ ਜੀ,ਗੁਰੂ ਨਾਨਕ ਜੀ ਤੋਂ ਲੈਕੇ ਸਿਖਾਂ ਦੇ ਦਸਵੇਂ ਗੁਰੂ ਹਨ, ਭਾਵ ਗੁਰੂ ਨਾਨਕ ਜੀ ਦਸਮੇਂ ਜਾਮੇ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੂਪ ਵਿਚ ਪ੍ਰਗਟੇ "ਜੋਤ ਓਹਾ ਜੁਗਤਿ ਸਾਇ" ਦੇ ਭਾਵ ਅਨੁਸਾਰ ਗੁਰੂ ਨਾਨਕ ਜੀ ਅਤੇ ਦਸਮੇਸ਼ ਗੁਰੂ ਜੀ ਵਿਚ ਵਰਤ ਰਹੀ ਇਕੋ **"ਗੁਰੂ ਜੋਤ"** ਹੈ, ਦਸਾਂ ਗੁਰਾਂ ਵਿਚ ਤਿਲ ਮਾਤਰ ਭੀ ਫਰਕ ਨਹੀਂ ਹੈ। ਇਸਦੇ ਗੁਰੂ ਘਰ ਵਿਚੋਂ ਅਨੇਕਾਂ ਪ੍ਰਮਾਣ ਮਿਲਦੇ ਹਨ,ਜੋ ਵੀ ਖਾਲਸਾ ਧਰਮ ਦਾ ਪ੍ਰਚਾਰ ਸ੍ਰੀ ਗੁਰੂ ਨਾਨਕ ਜੀ ਤੋਂ ਆਰੰਭ ਹੋਇਆ, ਉਸਦਾ ਅਖੀਰੀ ਸਿਟਾ ਜਾਂ ਫਲ ਸ੍ਰੀ ਗੁਰੂ ਦਸਮੇਸ਼ ਜੀ ਨੇ ਪਰਗਟ ਕੀਤਾ,ਜਿਹਾ ਕਿ **"ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤ ਜਹਿ ਜਾਨੀ"** । ਪੁਨः **"ਮਾਰਿਆ**

## ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ (ਖਾਲਸਾ ਪੰਥ) ਚਲਾਇਆ॥ (ਭਾਈ ਗੁਰਦਾਸ ਜੀ)

ਤਥਾ— ਜਾਗਤਿ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥ ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ ਮੜ੍ਹੀ ਮਟ ਭੂਲ ਨ ਮਾਨੈ । ਤੀਰਥ ਦਾਨ ਦਯਾ ਤਪ ਸੰਯਮ, ਏਕ ਬਿਨਾ ਨਹਿ ਏਕ ਪਛਾਨੈ । ਪੂਰਨ ਜੋਤ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ ॥ (ਪਾ: ੧੦) ਆਦਿ ਵਾਕਾਂ ਤੋਂ ਸਿਧ ਹੈ, ਤਾਂਤੇ ਇਹ ਸ਼ੰਕਾ ਕਰਨੀ ਸਖਤ ਗੁਨਾਹ ਤੇ ਮਹਾਂ ਅਗਜਾਨਤਾ ਹੈ, ਕਿ 'ਸ੍ਰੀ ਗੁਰੂ ਦਸਮੇਸ਼ ਜੀ ਨੇ ਗੁਰੂ ਨਾਨਕ ਮਿਸ਼ਨ ਤੋਂ ਕੋਈ ਵਖ ਪੰਥ ਜਾਂ ਮਿਸ਼ਨ ਪ੍ਰਗਟ ਕੀਤਾ ਅਥਵਾ ਉਹ ਵਖਰੇ ਗੁਰੂ ਸਨ, ਅਥਵਾ ਉਨ੍ਹਾਂ ਦਾ ਕੋਈ ਅਡਰਾ ਹੋਰ ਮਿਸ਼ਨ ਸੀ' ਭਾਵ ਜੋ ਕੁਝ ਸ੍ਰੀ ਗੁਰੂ ਨਾਨਕ ਜੀ ਨੇ ਸੰਸਾਰ ਵਿਚ ਖਾਲਸਾ ਧਰਮ ਪ੍ਰਚੁਰ ਕਰਨਾ ਸੀ ਜਾਂ ਜਿਸ ਕਾਰਜ ਲਈ ਓਹ "ਸੁਣੀ ਪੁਕਾਰ ਦਾਤਾਰ ਪ੍ਰਭੁ, ਗੁਰੁ ਨਾਨਕ ਜਗੁ ਮਾਹਿ ਪਠਾਇਆ" ਅਨੁਸਾਰ ਅਕਾਲ ਪੁਰਖ ਵਲੋਂ ਘਲੇ ਹੋਏ ਸੰਸਾਰ ਵਿਚ ਆਏ ਸਨ। ਓਹੀ ਕਾਰਜ ਸ੍ਰੀ ਗੁਰੂ ਨਾਨਕ ਜੀ ਨੇ "ਗੁਰੂ ਨਾਨਕ ਤੋਂ ਗੁਰੂ ਅੰਗਦ ਤੇ ਗੁਰੂ ਅਮਰਦਾਸ, ਤੇ ਗੁਰੂ ਰਾਮਦਾਸਆਦਿ ਦਸ ਜਾਮੇ ਧਾਰਕੇ ਕੀਤਾ॥"



ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਦਸਮੇਸ਼ ਜੀ ਨੂੰ ਗੁਰੂ ਗੱਦੀ ਦੇਕੇ ਦਸਮ ਗੁਰੂ ਥਾਪਿਆ, ਭਾਵ ਨੌਆਂ ਗੁਰੂਆਂ ਦੀ ਸਭੋ ਕਮਾਈ ਤੇ ਪ੍ਰਚਾਰ ਦੀ ਡੋਰ ਸ੍ਰੀ ਦਸਮੇਸ ਜੀ ਨੂੰ ਸੰਭਾਲੀ, ਭਾਵੇਂ ਸ੍ਰੀ ਦਸਮੇਸ਼ ਜੀ ਨੌਂਵੇਂ ਪਾਤਸ਼ਾਹ ਸ੍ਰੀਗੁਰੂ ਤੇਗਬਹਾਦਰਜੀਦੇ ਇਕਲੌਤੇਪੁਤਰ ਸਨ ਮਗਰ ਫਿਰ ਭੀ ਗੁਰੂ ਗੱਦੀ ਯੋਗਤਾ ਅਨੁਸਾਰ ਅਤੇ ਗੁਰੂ ਘਰ ਦੀ ਰੀਤੀ ਅਨੁਸਾਰ ਪਿਛੇ ਦੀ ਤਰਾਂ ਸ੍ਰੀ ਦਸਮੇਸ਼ ਜੀ ਨੂੰ ਸੌਂਪੀ ਸੀ। ਗੁਰੂ ਦਸਮੇਸ਼ ਜੀ ਨੇ ਗੁਰੂ ਗੱਦੀ ਪਰਾਪਤ ਕਰਨ ਦੇ ਬਾਦ ਆਪਣੀ ਬਾਣੀ ਉਚਾਰਨ ਕੀਤੀ । ਜੋ ਦਸਮੇ ਗੁਰੂ ਜੀ ਦੀ ਬਾਣੀ ਨਾਮ ਕਰਕੇ ਪ੍ਰਸਿਧ ਹੈ, ਜਿਵੇਂ ਮਹਲਾ ਪਹਿਲਾ ਤੇ ਦੂਜਾ, ਤੀਜਾ ਆਦਿ ਤੋਂ ਭਾਵ ਸ੍ਰੀ ਗੁਰੂ ਨਾਨਕ ਤੇ ਗੁਰੂ ਅੰਗਦ, ਔਰ ਗੁਰੂ ਅਮਰਦਾਸ ਜੀ ਵਲੋਂ ਉਚਾਰੀ ਗਈ ਬਾਣੀ ਲਈ ਸੂਚਨਾ ਹੈ। ਤਿਵੇਂ ਹੀ ਮਹਲਾ ਦੀ ਥਾਂ ਸ੍ਰੀ ਦਸਮੇਸ ਜੀ ਨੇ 'ਪਾਤਿਸ਼ਾਹੀ ੧੦' ਵਰਤਿਆ ਜਿਸਦੇ ਅਰਥ ਮਹਲੇ ਵਾਲੇ ਹੀ ਹਨ, ਅਰਥਾਤ ਦਸਮ ਗੁਰੂ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਉਚਾਰੀ ਹੋਈ ਬਾਣੀ, ਸੋ ਜਿਵੇਂ ਨੌਆਂ ਗੁਰੂਆਂ ਦੀ ਬਾਣੀ ਹੈ, ਤੈਸੇ ਹੀ ਦਸਵੇਂ ਗੁਰੂ ਜੀ ਦੀ ਬਾਣੀ ਹੈ, ਜਿਸ ਤਰਾਂ ਬਾਕੀ ਨੌ ਗੁਰੂ ਸਾਹਿਬ ਜਾਂ ਜਿਨ੍ਹਾਂ ੨ ਗੁਰੂ ਸਾਹਿਬਾਂ ਨੇ ਬਾਣੀ ਉਚਾਰੀ, ਉਹ ਬਾਣੀ ਗੁਰੂ ਗੱਦੀ ਵੱਲੋਂ ਉਚਾਰਨ ਹੋਣ

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.